# ਕੈਨੇਡਾ ਰਿਕਵਰੀ ਸਿਕਨੈੱਸ ਬੈਨੀਫਿਟ (CRSB)

ਕੈਨੇਡਾ ਰਿਕਵਰੀ ਸਿਕਨੈੱਸ ਬੈਨੀਫਿਟ (CRSB) ਉਹਨਾਂ ਰੁਜ਼ਗਾਰਸ਼ੁਦਾ ਅਤੇ ਸਵੈ-ਰੁਜ਼ਗਾਰੀ ਵਿਅਕਤੀਆਂ ਨੂੰ ਆਮਦਨ ਸਹਾਇਤਾ ਦਿੰਦਾ ਹੈ ਜੋ ਬਿਮਾਰ ਹੋਣ ਕਰਕੇ ਕੰਮ ਕਰਨ ਦੇ ਅਯੋਗ ਹਨ ਜਾਂ COVID-19 ਕਰਕੇ ਉਹਨਾਂ ਨੂੰ ਸਵੈ-ਅਲਹਿਦਾ ਹੋਣ ਦੀ ਲੋੜ ਹੈ, ਜਾਂ ਉਹਨਾਂ ਦੀ ਕੋਈ ਅਜਿਹੀ ਗੁੱਝੀ ਸਿਹਤ ਸਮੱਸਿਆ ਹੈ ਜੋ ਉਹਨਾਂ ਨੂੰ COVID-19 ਦੀ ਲਾਗ ਲੱਗਣ ਦੇ ਵਧੇ ਹੋਏ ਜੋਖ਼ਮ ਵਿੱਚ ਪਾ ਦਿੰਦੀ ਹੈ। CRSB ਨੂੰ ਕੈਨੇਡਾ ਰੈਵੇਨਿਊ ਏਜੰਸੀ (CRA) ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ।

ਜੇ ਤੁਸੀਂ CRSB ਵਾਸਤੇ ਯੋਗ ਹੋ, ਤਾਂ ਤੁਸੀਂ 1-ਹਫਤੇ ਦੀ ਮਿਆਦ ਲਈ $500 (ਟੈਕਸ ਕੱਟਣ ਬਾਅਦ $450) ਪ੍ਰਾਪਤ ਕਰ ਸਕਦੇ ਹੋ।

ਜੇ 1 ਹਫਤੇ ਬਾਅਦ ਵੀ ਤੁਹਾਡੀ ਪ੍ਰਸਥਿਤੀ ਜਾਰੀ ਰਹਿੰਦੀ ਹੈ, ਤਾਂ ਤੁਹਾਨੂੰ ਦੁਬਾਰਾ ਅਰਜ਼ੀ ਦੇਣ ਦੀ ਲੋੜ ਹੋਵੇਗੀ। 27 ਸਤੰਬਰ, 2020 ਅਤੇ 25 ਸਤੰਬਰ, 2021 ਵਿਚਕਾਰ, ਤੁਸੀਂ ਕੁੱਲ 2 ਹਫਤਿਆਂ ਤੱਕ ਲਈ ਅਰਜ਼ੀ ਦੇ ਸਕਦੇ ਹੋ।

ਵਧੇਰੇ ਜਾਣਕਾਰੀ ਲਈ ਇਹ ਲਿੰਕ ਦੇਖੋ: ਕੈਨੇਡਾ ਰਿਕਵਰੀ ਸਿਕਨੈੱਸ ਬੈਨੀਫਿਟ।